# State Visit of the President of India to the Kingdom of the Netherlands (April 4-7, 2022)

April 06, 2022

...................

## ਭਾਰਤੀ ਰਾਸ਼ਟਰਪਤੀ ਵੱਲੋਂ ਨੀਦਰਲੈਂਡ ਦੀ ਅਧਿਕਾਰਿਤ ਫੇਰੀ (4-7 ਅਪ੍ਰੈਲ, 2022)

**6 ਅਪ੍ਰੈਲ, 2022**

1. ਮਹਾਮਹਿਮ ਰਾਜਾ ਵਿਲਮ-ਅਲੈਗਜ਼ੈਂਡਰ ਅਤੇ ਮਹਾਰਾਣੀ ਮੈਕਸਿਮਾ ਦੇ ਸੱਦੇ 'ਤੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਅਤੇ ਪਹਿਲੀ ਮਹਿਲਾ ਸ਼੍ਰੀਮਤੀ ਸਵਿਤਾ ਕੋਵਿੰਦ ਨੇ 4-7 ਅਪ੍ਰੈਲ 2022 ਤੱਕ ਨੀਦਰਲੈਂਡ ਦਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲੇ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਰਾਜ ਮੰਤਰੀ ਸ਼੍ਰੀ ਲੋਗਨਾਥਨ ਮੁਰੂਗਨ ਅਤੇ ਅਤੇ ਸੰਸਦ ਮੈਂਬਰ (ਲੋਕ ਸਭਾ) ਸ਼੍ਰੀ ਦਿਲੀਪ ਘੋਸ਼ ਵੀ ਸਨ।

2. ਭਾਰਤ ਦੇ ਰਾਸ਼ਟਰਪਤੀ ਵੱਲੋਂ ਨੀਦਰਲੈਂਡ ਦੀ ਪਹਿਲੀ ਫੇਰੀ ਵੱਡਾ ਮੀਲ ਪੱਥਰ ਹੈ ਕਿਉਂਕਿ ਭਾਰਤ ਅਤੇ ਨੀਦਰਲੈਂਡ ਇਸ ਸਾਲ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75 ਸਾਲ ਮਨਾ ਰਹੇ ਹਨ। ਇਹ ਯਾਤਰਾ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਭਾਰਤ ਦੇ ਰਾਜ ਪ੍ਰਮੁੱਖ ਵੱਲੋਂ ਕੀਤੀ ਜਾਣ ਵਾਲੀ ਨੀਦਰਲੈਂਡ ਦੀ ਪਹਿਲੀ ਯਾਤਰਾ ਹੈ।

3. ਰਾਸ਼ਟਰਪਤੀ ਦਾ 5 ਅਪ੍ਰੈਲ, 2022 ਨੂੰ ਐਮਸਟਰਡਮ ਦੇ ਰਾਇਲ ਪੈਲੇਸ ਵਿਖੇ ਮਹਾਮਹਿਮ ਰਾਜਾ ਵਿਲਮ-ਅਲੈਗਜ਼ੈਂਡਰ ਅਤੇ ਮਹਾਰਾਣੀ ਮੈਕਸਿਮਾ ਦੁਆਰਾ ਰਸਮੀ ਤੌਰ 'ਤੇ ਪੂਰੇ ਰਾਜਕੀ ਸਨਮਾਨਾਂ ਨਾਲ ਸਵਾਗਤ ਕੀਤਾ ਗਿਆ। ਨੀਦਰਲੈਂਡ ਦੇ ਪ੍ਰਧਾਨ ਮੰਤਰੀ ਸ਼੍ਰੀਮਾਨ ਮਾਰਕ ਰੁਟੇ ਨੇ 6 ਅਪ੍ਰੈਲ, 2022 ਨੂੰ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਉਸੇ ਦਿਨ ਰਾਸ਼ਟਰਪਤੀ ਨੇ ਡੱਚ ਸੰਸਦ ਦਾ ਵੀ ਦੌਰਾ ਕੀਤਾ ਜਿੱਥੇ ਸੈਨੇਟ ਦੇ ਪ੍ਰਧਾਨ ਸ਼੍ਰੀਮਾਨ ਜੈਨ ਐਂਥਨੀ ਬਰੂਜਨ ਅਤੇ ਪ੍ਰਤੀਨਿਧ ਸਦਨ ਦੀ ਪ੍ਰਧਾਨ ਸ਼੍ਰੀਮਤੀ ਵੇਰਾ ਬਰਗਕੈਂਪ ਨੇ ਉਨ੍ਹਾਂ ਦਾ ਸੁਆਗਤ ਕੀਤਾ।

4. ਮਹਾਮਹਿਮ ਰਾਜਾ ਵਿਲਮ-ਅਲੈਗਜ਼ੈਂਡਰ ਨਾਲ ਆਪਣੀ ਮੁਲਾਕਾਤ ਦੌਰਾਨ ਰਾਸ਼ਟਰਪਤੀ ਨੇ ਦੋਨਾਂ ਲੋਕਤੰਤਰਾਂ, ਪ੍ਰਮੁੱਖ ਅਰਥਵਿਵਸਥਾਵਾਂ, ਨਵੀਨਤਾ ਅਤੇ ਤਕਨਾਲੋਜੀ ਦੇ ਚਾਲਕਾਂ ਅਤੇ ਆਜ਼ਾਦ ਅਤੇ ਖੁੱਲ੍ਹੇ ਇੰਡੋ-ਪੈਸੀਫਿਕ ਦੇ ਮੁੱਖ ਹਿਮਾਇਤੀਆਂ ਵਜੋਂ ਭਾਰਤ ਅਤੇ ਨੀਦਰਲੈਂਡ ਵਿਚਕਾਰ ਕੁਦਰਤੀ ਭਾਈਵਾਲੀ ਅਤੇ ਤਾਲਮੇਲ ਦੀ ਗੱਲ ਉਜਾਗਰ ਕੀਤੀ। ਉਨ੍ਹਾਂ ਨੇ ਪਾਣੀ, ਖੇਤੀਬਾੜੀ, ਸਿਹਤ, ਜਲਵਾਯੂ ਅਤੇ ਸਵੱਛ ਊਰਜਾ, ਲੋਕ ਪੱਧਰੀ ਅਤੇ ਸੱਭਿਆਚਾਰਕ ਸਹਿਯੋਗ ਦੇ ਤਰਜੀਹੀ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਦੋਵਾਂ ਨੇਤਾਵਾਂ ਨੇ ਮੌਜੂਦਾ ਖੇਤਰੀ ਅਤੇ ਆਲਮੀ ਘਟਨਾਕ੍ਰਮ 'ਤੇ ਵੀ ਵਿਚਾਰ ਵਟਾਂਦਰਾ ਕੀਤਾ।

5. ਡੱਚ ਪ੍ਰਧਾਨ ਮੰਤਰੀ ਨਾਲ ਆਪਣੇ ਵਿਚਾਰ-ਵਟਾਂਦਰੇ ਦੌਰਾਨ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪ੍ਰਧਾਨ ਮੰਤਰੀ ਰੁਟੇ ਵਿਚਕਾਰ 9 ਅਪ੍ਰੈਲ, 2021 ਨੂੰ ਹੋਏ ਵਰਚੁਅਲ ਸੰਮੇਲਨ ਅਤੇ ਪਾਣੀ ਬਾਰੇ ਕੀਤੇ ਗਏ ਰਣਨੀਤਕ ਭਾਈਵਾਲੀ ਦੇ ਐਲਾਨ ਨੂੰ ਯਾਦ ਕੀਤਾ। ਦੋਵਾਂ ਧਿਰਾਂ ਨੇ ਜਲ ਸ਼ਕਤੀ ਮੰਤਰੀ ਅਤੇ ਨੀਦਰਲੈਂਡ ਦੇ ਬੁਨਿਆਦੀ ਢਾਂਚਾ ਅਤੇ ਪਾਣੀ ਬਾਰੇ ਮੰਤਰੀ ਵਿਚਕਾਰ 29 ਮਾਰਚ, 2021 ਨੂੰ ਪਾਣੀ ਬਾਰੇ ਰਣਨੀਤਕ ਭਾਈਵਾਲੀ ਦੇ ਸਾਂਝੇ ਬਿਆਨ 'ਤੇ ਹਸਤਾਖਰ ਕੀਤੇ ਜਾਣ ਉੱਤੇ ਖੁਸ਼ੀ ਜ਼ਾਹਰ ਕੀਤੀ, ਜਿਸ ਵਿੱਚ ਪਾਣੀ ਨਾਲ ਸਬੰਧਤ ਕਈ ਆਮ ਚੁਣੌਤੀਆਂ ਨਾਲ ਨਜਿੱਠਣ ਲੀ ਡੱਚ ਮਹਾਰਤ ਅਤੇ ਤਜ਼ਰਬੇ ਦਾ ਲਾਭ ਉਠਾਕੇ ਇਸ ਪ੍ਰਮੁੱਖ ਖੇਤਰ ਵਿੱਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਰੂਪ-ਰੇਖਾ ਤਿਆਰ ਕੀਤੀ ਗਈ ਹੈ। | ਰਾਸ਼ਟਰਪਤੀ ਨੇ 'ਮੇਕ ਇਨ ਇੰਡੀਆ' ਅਤੇ ਭਾਰਤ ਵਿੱਚ ਨਵੀਨਤਾ ਲਿਆਉਣ ਲਈ ਭੂ-ਸਥਾਨਕ ਮੈਪਿੰਗ, ਆਰਟੀਫੀਸ਼ੀਅਲ

ਇੰਟੈਲੀਜੈਂਸ, ਸਾਫ ਊਰਜਾ , ਸਹਾਇਕ ਤਕਨਾਲੋਜੀ ਅਤੇ ਬਾਇਓ-ਮੈਡੀਕਲ ਯੰਤਰਾਂ ਦੇ ਖੇਤਰ ਵਿੱਚ ਕੰਮ ਕਰ ਰਹੇ ਡੱਚ ਸਟਾਰਟ-ਅਪਸ ਅਤੇ SMEs ਦਾ ਸਵਾਗਤ ਕੀਤਾ।

6. ਇਸ ਫੇਰੀ ਦੌਰਾਨ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਨੇ ਦੂਜੇ ਵਿਸ਼ਵ ਯੁੱਧ ਅਤੇ ਹਥਿਆਰਬੰਦ ਸੰਘਰਸ਼ਾਂ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਯਾਦ ਵਿੱਚ ਡੈਮ ਸਕੁਏਅਰ ਵਿਖੇ ਸਥਿਤ ਰਾਸ਼ਟਰੀ ਸਮਾਰਕ 'ਤੇ ਫੁੱਲਮਾਲਾ ਭੇਟ ਕੀਤੀ। ਉਨ੍ਹਾਂ ਨੇ ਭਾਰਤੀ ਅਤੇ ਡੱਚ ਲੋਕਾਂ ਦਰਮਿਆਨ ਇਤਿਹਾਸਕ ਦੋਸਤੀ ਦੇ ਪ੍ਰਤੀਕ ਵਜੋਂ ਪ੍ਰਸਿੱਧ ਕੇਉਕੇਨਹੋਫ ਟਿਊਲਿਪ ਬਾਗ ਵਿਖੇ 'ਮੈਤਰੀ' ਟਿਊਲਿਪ ਦੇ ਨਾਮਕਰਨ ਕਰਨ ਲਈ ਹੋਏ ਵਿਸ਼ੇਸ਼ ਸਮਾਰੋਹ ਵਿੱਚ ਵੀ ਸ਼ਿਰਕਤ ਕੀਤੀ। ਰਾਸ਼ਟਰਪਤੀ ਨੇ ਨੀਦਰਲੈਂਡ ਵਿੱਚ ਸੂਰੀਨਾਮੀ-ਹਿੰਦੁਸਤਾਨੀ ਭਾਈਚਾਰੇ ਦੇ ਨੁਮਾਇੰਦਿਆਂ ਸਮੇਤ ਭਾਰਤੀ ਭਾਈਚਾਰੇ ਅਤੇ ਭਾਰਤ ਦੇ ਦੋਸਤਾਂ ਦੇ ਇੱਕ ਇਕੱਠ ਨੂੰ ਸੰਬੋਧਿਤ ਕੀਤਾ, ਜਿੱਥੇ ਉਨ੍ਹਾਂ ਨੇ ਮੇਜ਼ਬਾਨ ਦੇਸ਼ ਵਿੱਚ ਉਹਨਾਂ ਦੁਆਰਾ ਪਾਏ ਹਾਂ ਪੱਖੀ  ਯੋਗਦਾਨ ਅਤੇ ਭਾਰਤ ਅਤੇ ਨੀਦਰਲੈਂਡ ਦਰਮਿਆਨ ਉਨ੍ਹਾਂ ਵੱਲੋਂ ਪੁਲ ਵਾਂਗ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ।

7. ਰਾਸ਼ਟਰਪਤੀ ਅਤੇ ਪ੍ਰਥਮ ਮਹਿਲਾ ਨੇ ਨੀਦਰਲੈਂਡ ਦੇ ਮਹਾਰਾਜੇ ਅਤੇ ਮਹਾਰਾਣੀ ਨਾਲ ਚੇਨਈ ਦੇ ਕਲਾਕਸ਼ੇਤਰ ਫਾਊਂਡੇਸ਼ਨ ਦੁਆਰਾ ਪੇਸ਼ 'ਰਾਮਾਇਣ' 'ਤੇ ਵਿਸ਼ੇਸ਼ ਸੱਭਿਆਚਾਰਕ ਪ੍ਰਦਰਸ਼ਨ ਵਿੱਚ ਵੀ ਸ਼ਿਰਕਤ ਕੀਤੀ, ਜਿਸਨੂੰ ਨੀਦਰਲੈਂਡਜ਼ ਵਿੱਚ ਭਾਰਤੀ ਦੂਤਾਵਾਸ ਅਤੇ ਭਾਰਤੀ ਸੱਭਿਆਚਾਰਕ ਸਬੰਧ ਕੌਂਸਲ (ICCR) ਨੇ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ (AKAM) ਜਸ਼ਨਾਂ ਦੇ ਹਿੱਸੇ ਵਜੋਂ ਮਿਲਕੇ ਕਰਾਇਆ ਸੀ।

8. ਇਸ ਅਧਿਕਾਰਿਤ ਦੌਰੇ ਦੇ ਮੌਕੇ 'ਤੇ ਕਈ ਮੁੱਖ ਸਮਝੌਤਿਆਂ ਦਾ ਐਲਾਨ ਕੀਤਾ ਗਿਆ ਸੀ। ਇਹਨਾਂ ਵਿੱਚ ਇਹ ਸ਼ਾਮਲ ਹਨ: (i) ਬੰਦਰਗਾਹਾਂ, ਸਮੁੰਦਰੀ ਆਵਾਜਾਈ ਅਤੇ ਲੌਜਿਸਟਿਕਸ ਦੇ ਖੇਤਰ ਵਿੱਚ ਦੁਵੱਲੇ ਸਹਿਯੋਗ 'ਤੇ ਸਹਿਮਤੀ ਪੱਤਰ ਦਾ ਵਿਸਤਾਰ, (ii) ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਅਤੇ ਨੀਦਰਲੈਂਡ ਦੀ ਸਰਕਾਰ ਦੇ ਆਰਥਿਕ, ਖੇਤੀਬਾੜੀ ਅਤੇ ਨਵੀਨਤਾ ਮੰਤਰਾਲੇ ਵਿਚਕਾਰ ਸਹਿਯੋਗ ਪ੍ਰੋਗਰਾਮ ਦਾ ਵਿਸਤਾਰ, (iii) ਲੀਡੇਨ ਯੂਨੀਵਰਸਿਟੀ ਅਤੇ ਕੇਰਲਾ ਕਾਉਂਸਿਲ ਆਫ਼ ਹਿਸਟੋਰੀਕਲ ਰਿਸਰਚ, ਨੀਦਰਲੈਂਡ ਦੇ ਨੈਸ਼ਨਲ ਆਰਕਾਈਵਜ਼ ਵਿਚਕਾਰ 17ਵੀਂ ਸਦੀ ਦੇ ਪੁਰਾਲੇਖਾਂ ਨੂੰ ਡਿਜੀਟਾਈਜ਼ ਕਰਨ ਅਤੇ ਉਹਨਾਂ ਨੂੰ ਭਾਰਤੀ ਅਤੇ ਅੰਤਰਰਾਸ਼ਟਰੀ ਖੋਜਕਰਤਾਵਾਂ ਲਈ ਉਪਲਬਧ ਕਰਵਾਉਣ ਲਈ ਕੌਸਮੌਸ ਮਾਲਾਬਾਰਿਕਸ ਪ੍ਰੋਜੈਕਟ ਲਈ ਸਮਝੌਤਾ ਅਤੇ (iv) ਸਾਂਝਾ ਸਭਿਆਚਾਰਕ ਵਿਰਾਸਤ ਪ੍ਰੋਗਰਾਮ ਦੇ ਅਮਲ ਬਾਰੇ ਰਾਜ ਪੁਰਾਲੇਖ ਵਿਭਾਗ, ਕੇਰਲ ਅਤੇ ਨੀਦਰਲੈਂਡ ਦੇ ਨੈਸ਼ਨਲ ਆਰਕਾਈਵਜ਼ ਦਰਮਿਆਨ ਹੋਏ ਸਮਝੌਤੇ ਦਾ ਵਿਸਥਾਰ

9. ਭਾਰਤ ਅਤੇ ਨੀਦਰਲੈਂਡਜ਼ ਦਰਮਿਆਨ ਲੋਕਤੰਤਰ ਦੀਆਂ ਸਾਂਝੀਆਂ ਕਦਰਾਂ-ਕੀਮਤਾਂ, ਕਾਨੂੰਨ ਦੇ ਸ਼ਾਸਨ ਅਤੇ ਆਲਮੀ ਅਤੇ ਖੇਤਰੀ ਮੁੱਦਿਆਂ 'ਤੇ ਵਧ ਰਹੇ ਇਤਫ਼ਾਕ ਵਾਲੇ ਸਹਿਯੋਗ ਦੇ ਵਿਆਪਕ ਏਜੰਡੇ ਦੇ ਨਾਲ ਪੁਰਾਣੇ ਦੋਸਤਾਨਾ ਅਤੇ ਬਹੁ-ਪੱਖੀ ਸਬੰਧ ਹਨ। ਰਾਸ਼ਟਰਪਤੀ ਦੀ ਇਹ ਰਾਜ ਫੇਰੀ, ਜੋ ਭਾਰਤ ਅਤੇ ਨੀਦਰਲੈਂਡ ਦੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਦੌਰਾਨ ਹੋਈ ਹੈ, ਨਾਲ ਆਪਸੀ ਲਾਹੇ ਲਈ ਸਬੰਧਾਂ ਨੂੰ ਹੋਰ ਡੂੰਘਾ ਕਰਨ ਦੀ ਵਚਨਬੱਧਤਾ ਵਿਖਾਉਂਦੀ ਹੈ ਅਤੇ ਇਸਦੀ ਤਸਦੀਕ ਕਰਦੀ ਹੈ।

**6 ਅਪ੍ਰੈਲ, 2022**

ਨਵੀਂ ਦਿੱਲੀ

DISCLAIMER: This is an approximate translation. The original is available in English on MEA's website and may be referred to as the official press release.